ਦਫਤਰ ਜ਼ਿਲ੍ਹਾ ਲੋਕ ਸੰਪਰਕ ਅਫਸਰ, ਫਾਜ਼ਿਲਕਾ

# ਜਨਤਕ ਥਾਵਾਂ 'ਤੇ ਵਿਸਫੋਟਕ ਪਦਾਰਥ ਨਾ ਲੈ ਕੇ ਜਾਣ ਦੇ ਆਦੇਸ਼

## ਪਟਾਕਿਆਂ ਦੀ ਖਰੀਦ ਤੇ ਵੇਚ ਕਰਨ 'ਤੇ ਪਾਬੰਦੀ

ਫਾਜ਼ਿਲਕਾ 24 ਅਗਸਤ

ਜ਼ਿਲ੍ਹਾ ਮੈਜਿਸਟਰੇਟ ਸ੍ਰੀਮਤੀ ਈਸ਼ਾ ਕਾਲੀਆ ਨੇ ਫੌਜ਼ਦਾਰੀ ਜਾਬਤਾ ਸੰਘਤਾ 1973 ਦੀ ਧਾਰਾ 144 ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਹੁਕਮ ਜਾਰੀ ਕੀਤਾ ਹੈ ਕਿ ਕੋਈ ਵੀ ਵਿਅਕਤੀ ਪਟਾਕਿਆਂ ਦੀ ਖਰੀਦ/ਵੇਚ ਨਹੀਂ ਕਰੇਗਾ ਤੇ ਨਾ ਹੀ ਜਨਤਕ ਥਾਵਾਂ ਤੇ ਵਿਸਫੋਟਕ ਪਦਾਰਥ ਲੈ ਕੇ ਜਾਵੇਗਾ।

ਜ਼ਿਲ੍ਹਾ ਮੈਜਿਸਟਰੇਟ ਵੱਲੋਂ ਜ਼ਿਲ੍ਹਾ ਫਾਜ਼ਿਲਕਾ ਵਿੱਚ ਮੌਜੂਦਾ ਹਾਲਾਤਾਂ ਦੇ ਮੱਦੇਨਜ਼ਰ ਅਮਨ ਤੇ ਕਾਨੂੰਨ ਦੀ ਸਥਿਤੀ ਨੂੰ ਬਰਕਰਾਰ ਰੱਖਣ ਲਈ ਜ਼ਿਲ੍ਹੇ ਅੰਦਰ ਪਟਾਕਿਆਂ/ਵਿਸਫੋਟਕ ਪਦਾਰਥਾਂ ਨੂੰ ਵੇਚਣ ਵਾਲੀਆਂ ਦੁਕਾਨਾਂ ਨੂੰ ਬੰਦ ਰੱਖਣ ਦਾ ਹੁਕਮ ਜਾਰੀ ਕੀਤਾ ਹੈ। ਇਹ ਹੁਕਮ ਜ਼ਿਲ੍ਹੇ ਅੰਦਰ ਮਿਤੀ 25 ਅਗਸਤ 2017 ਤੋਂ ਅਗਲੇ ਹੁਕਮਾਂ ਤੱਕ ਲਾਗੂ ਰਹਿਣਗੇ।